# ਅਸਲੀ ਮੁੱਦਿਆਂ ਵੱਲ ਖੱਬੀ ਧਿਰ ਦੀ ਜ਼ਿੰਮੇਵਾਰੀ

10.5.97

ਗੁਰਸ਼ਰਨ ਸਿੰਘ

ਅਖ਼ਬਾਰਾਂ ਜਿੱਥੇ ਦੇਸ਼ ਵਿਚ ਚੱਲ ਰਹੇ ਵਰਤਾਰੇ ਬਾਰੇ ਖ਼ਬਰਾਂ ਦੇਂਦੀਆਂ ਹਨ, ਉੱਥੇ ਦੇਸ਼ ਦੀ ਰਾਜਨੀਤੀ ਉੱਤੇ ਵੀ ਅਸਰਅੰਦਾਜ਼ ਹੁੰਦੀਆਂ ਹਨ। ਪਿਛਲੇ ਦੋ ਸਾਲਾਂ ਤੋਂ ਅਖ਼ਬਾਰਾਂ ਘੁਟਾਲਿਆਂ ਦੀਆਂ ਖ਼ਬਰਾਂ ਨਾਲ ਹੀ ਭਰੀਆਂ ਹੋਈਆਂ ਹਨ। ਕਦੀ ਨਰਸਿਮ੍ਹਾ ਰਾਓ, ਚੰਦਰਾਸਵਾਮੀ, ਸੁਖਰਾਮ ਤੇ ਹੁਣ ਲਾਲੂ ਯਾਦਵ ਖ਼ਬਰਾਂ ਦਾ ਕੇਂਦਰ ਹਨ।

ਸਵਾਲ ਉੱਠ ਸਕਦਾ ਹੈ ਕਿ ਦੇਸ਼ ਦੇ ਇਹੀ ਮੁੱਦੇ ਨੇ? ਜਵਾਬ ਸਾਫ਼ ਹੈ ਕਿ ਇਹ ਬੁਨਿਆਦੀ ਮੁੱਦੇ ਨਹੀਂ। ਬੁਨਿਆਦੀ ਮਸਲੇ ਦੇਸ਼ ਦੀ ਗ਼ਰੀਬੀ ਦੇ ਹਨ। ਨਾਬਰਾਬਰੀ ਵਾਲੇ ਸਮਾਜ ਦੇ ਹਨ। ਇਨ੍ਹਾਂ ਦਾ ਹੱਲ ਕਿਸ ਤਰ੍ਹਾਂ ਹੋਣਾ ਹੈ? ਦੇਸ਼ ਦੀ ਰਾਜਨੀਤੀ ਵਿਚ ਇਨ੍ਹਾਂ ਦੀ ਕਿਹੜੀ ਥਾਂ ਹੈ? ਇਹ ਸਾਫ਼ ਹੈ ਕਿ ਇਹ ਗੱਲਾਂ ਖੱਬੀ ਧਿਰ ਤੇ ਸਿਰਫ਼ ਖੱਬੀ ਧਿਰ ਵਾਲਿਆਂ ਦੇ ਫ਼ਿਕਰ ਦੀਆਂ ਹਨ, ਦੂਜਿਆਂ ਦੇ ਫ਼ਿਕਰ ਦੀਆਂ ਨਹੀਂ ਹਨ, ਇਸ ਲਈ ਇਹ ਖੱਬੀ ਧਿਰ ਦਾ ਫ਼ਰਜ਼ ਹੈ ਕਿ ਰਾਜਨੀਤੀ ਦਾ ਪਿੜ ਇਨ੍ਹਾਂ ਮੁੱਦਿਆਂ ਦੇ ਆਲੇ-ਦੁਆਲੇ ਬਣਾਇਆ ਜਾਵੇ ਤੇ ਜਿਹੜੀਆਂ ਗੱਲਾਂ ਲੋਕਾਂ ਦਾ ਧਿਆਨ ਦੂਜੇ ਪਾਸੇ ਲਿਜਾਂਦੀਆਂ ਹਨ, ਉਨ੍ਹਾਂ ਨੂੰ ਜ਼ਰੂਰਤ ਤੋਂ ਵੱਧ ਮਹੱਤਤਾ ਨਾ ਦਿੱਤੀ ਜਾਵੇ।

ਦੇਸ਼ ਵਿਚ 5 ਕਰੋੜ, 60 ਲੱਖ 14 ਸਾਲ ਦੀ ਉਮਰ ਤੋਂ ਘੱਟ ਦੇ ਬਾਲ-ਮਜ਼ਦੂਰ ਹਨ। ਇਹ ਯੂਨੇਸਕੋ ਦੇ ਮਿੱਥੇ ਹੋਏ ਨਿਯਮਾਂ ਦੀ ਉਲੰਘਣਾ ਹੈ, ਜਿਨ੍ਹਾਂ ਉੱਤੇ ਭਾਰਤ ਦੇ ਦਸਤਖ਼ਤ ਹਨ, ਪਰ ਸਾਫ਼ ਹੈ ਇਸ ਦਿਸ਼ਾ ਵੱਲ ਕਿ ਇਹ ਬਾਲ-ਮਜ਼ਦੂਰੀ ਖ਼ਤਮ ਕੀਤੀ ਜਾਵੇ, ਸਰਕਾਰ ਵੱਲੋਂ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ। ਕਿਸੇ ਵੀ ਬਜਟ 'ਚ ਕੋਈ ਵੀ ਰਕਮ ਇਸ ਗੱਲ ਲਈ ਮਖ਼ਸੂਸ ਨਹੀਂ ਕੀਤੀ ਗਈ ਕਿ ਇਨ੍ਹਾਂ ਬਾਲ-ਮਜ਼ਦੂਰਾਂ ਨੂੰ ਇਸ ਮਜ਼ਦੂਰੀ ਤੋਂ ਨਿਜਾਤ ਦਿਵਾ ਕੇ ਇਨ੍ਹਾਂ ਲਈ ਕੋਈ ਬਦਲ ਮੁਹੱਈਆ ਕਰਨਾ ਹੈ। ਦੇਸ਼ ਦੇ ਹਿੱਤ ਵਿਚ ਇਹ ਗੱਲ ਇਸ ਗੱਲ ਤੋਂ ਵੱਧ ਮਹੱਤਤਾ ਰੱਖਦੀ ਹੈ ਕਿ ਲਾਲੂ ਪ੍ਰਸਾਦ ਬਿਹਾਰ ਦਾ ਮੁੱਖ ਮੰਤਰੀ ਰਹੇ ਜਾਂ ਨਾ ਰਹੇ।

ਦੇਸ਼ ਵਿਚ 15 ਕਰੋੜ ਬੇਰੁਜ਼ਗਾਰ ਹਨ, ਯਾਨਿ ਹਰ ਛੇਵਾਂ ਬੰਦਾ ਰੁਜ਼ਗਾਰ ਤੋਂ ਬਿਨਾ ਹੈ, ਇਹ ਮਸਲਾ ਉਸ ਮਸਲੇ ਤੋਂ ਕਿਤੇ ਵੱਡਾ ਹੈ ਕਿ ਸੁਖਰਾਮ ਦੀ ਜ਼ਮਾਨਤ ਹੋਵੇ ਜਾਂ ਉਸ ਨੂੰ ਜੇਲ੍ਹ ਭੇਜਿਆ ਜਾਵੇ।

ਦੇਸ਼ ਦੀ 80 ਫੀਸਦੀ ਅਬਾਦੀ ਨੂੰ ਕਿਸੇ ਕਿਸਮ ਦੀ ਡਾਕਟਰੀ ਸਹਾਇਤਾ ਮੁਹੱਈਆ ਨਹੀਂ। ਉਹ ਸਾਰੀ ਉਮਰ ਕਿਸੇ ਹਸਪਤਾਲ ਦਾ ਮੂੰਹ ਨਹੀਂ ਵੇਖਦੀ। ਇਹ ਡਾਕਟਰੀ ਸਹਾਇਤਾ ਕਿਸ ਤਰ੍ਹਾਂ ਮੁਹੱਈਆ ਕੀਤੀ ਜਾਏ, ਇਹ ਵੱਡੇ ਤੋਂ ਵੱਡੇ ਘੁਟਾਲੇ ਦੀ ਖ਼ਬਰ ਨਾਲੋਂ ਵੱਧ ਮਹੱਤਤਾ ਦੀ ਖ਼ਬਰ ਹੈ ਪਰ ਇਹੋ ਜਿਹੀ ਖ਼ਬਰ ਕਦੀ ਪੜ੍ਹਨ ਨੂੰ ਨਹੀਂ ਮਿਲੇਗੀ ਨਾ ਇਹ ਅਖ਼ਬਾਰ ਦੀ ਸੁਰਖ਼ੀ ਬਣੇਗੀ।

30 ਕਰੋੜ ਲੋਕਾਂ ਨੂੰ ਪੀਣ ਦਾ ਸੁਥਰਾ ਪਾਣੀ ਮੁਹੱਈਆ ਨਹੀਂ। ਸਿਸਟਮ ਦੀ ਇਹ ਕੁਤਾਹੀ ਉਨ੍ਹਾਂ ਸਾਰੀਆਂ ਕੁਤਾਹੀਆਂ ਨਾਲੋਂ ਕਿਤੇ ਭਿਆਨਕ ਹੈ, ਜੋ ਘੁਟਾਲਿਆਂ ਨੂੰ ਜਨਮ ਦੇਂਦੀਆਂ ਹਨ।

ਰੱਜੇ-ਪੁੱਜੇ ਲੋਕਾਂ ਲਈ ਰਾਜਨੀਤੀ ਵਿਚ ਸ਼ੁਗਲ ਹੈ। ਇਸ ਸ਼ੁਗਲ ਲਈ ਉਹ ਕਿਸੇ ਵੀ ਪਾਰਟੀ ਵਿਚ ਸ਼ਾਮਲ ਹੋ ਸਕਦੇ ਹਨ, ਚੋਣ ਲੜ ਸਕਦੇ ਹਨ, ਪੈਸਾ ਵੀ ਖ਼ਰਚ ਸਕਦੇ ਹਨ, ਸ਼ਰਾਬਾਂ ਵੀ ਪਿਲਾ ਸਕਦੇ ਹਨ, ਪਰ ਖੱਬੀ ਧਿਰ ਲਈ ਰਾਜਨੀਤੀ ਗ਼ਰੀਬ ਵਰਗ ਦੇ ਹੱਕ ਵਿਚ ਜ਼ਿੰਦਗੀ ਅਤੇ ਮੌਤ ਦੀ ਲੜਾਈ ਹੈ। ਰਾਜਨੀਤੀ ਨੂੰ ਰੱਜੇ-ਪੁੱਜੇ ਵੱਡੇ ਲੋਕਾਂ ਦੀ ਚੁੰਗਲ ਵਿਚੋਂ ਕਿਸ ਤਰ੍ਹਾਂ ਕੱਢਣਾ ਹੈ, ਇਹ ਖੱਬੀ ਧਿਰ ਦਾ ਵੱਡਾ ਫ਼ਿਕਰ ਹੋਣਾ ਚਾਹੀਦਾ ਹੈ, ਵੱਡਾ ਕੰਮ ਹੋਣਾ ਚਾਹੀਦਾ ਹੈ। ਹੋਰ ਕੰਮ ਇਸ ਤੋਂ ਬਾਅਦ ਦੀ ਮਹੱਤਤਾ ਦੇ ਹਨ। ਇਸ ਸਿਸਟਮ ਦੀਆਂ, ਇਸ ਦੀਆਂ ਕੁਤਾਹੀਆਂ 'ਤੇ ਉਂਗਲ ਰੱਖਦੇ ਹੋਏ, ਬੁਨਿਆਦੀ ਮਸਲਿਆਂ ਉੱਤੇ ਲੋਕਾਂ ਦਾ ਧਿਆਨ ਕੇਂਦਰਤ ਕਰਨਾ ਖੱਬੀ ਧਿਰ ਦੀ ਵੱਡੀ ਜ਼ਰੂਰਤ ਹੈ।

ਪੰਜਾਬ ਵਿਚ ਕਿਲ੍ਹਾ ਰਾਏਪੁਰ ਦੇ ਚੋਣ ਹਲਕੇ ਵਿਚ ਹੁਣ ਉੱਪ-ਚੋਣ ਹੋਣ ਜਾ ਰਹੀ ਹੈ। ਇਹ ਉਪ-ਚੋਣ ਸਰਕਾਰ ਨੂੰ ਬਦਲਣ ਦੀ ਜਾਂ ਨਵੀਂ ਸਰਕਾਰ ਬਣਾਉਣ ਲਈ ਕੋਈ ਖ਼ਾਸ ਮਹੱਤਤਾ ਨਹੀਂ ਰੱਖਦੀ, ਪਰ ਇਹ ਉਪ-ਚੋਣ ਖੱਬੀ ਧਿਰ ਲਈ ਮੌਕਾ ਜ਼ਰੂਰ ਏ ਕਿ ਲੋਕਾਂ ਨੂੰ ਸਮਝਾ ਸਕੀਏ ਕਿ ਕਮਿਊਨਿਸਟ, ਅਕਾਲੀ-ਭਾਜਪਾ ਅਤੇ ਕਾਂਗਰਸ ਦੀ ਰਾਜਨੀਤੀ ਵਿਚ ਕੀ ਫ਼ਰਕ ਹੈ? ਗ਼ਰੀਬ ਲੋਕਾਂ ਦਾ ਅਸਲੀ ਹਿਤੈਸ਼ੀ ਕੌਣ ਹੈ? ਸਾਰਿਆਂ ਨੂੰ ਨਾ ਸਮਝਾ ਸਕੀਏ ਤਾਂ ਮਾਯੂਸ ਨਹੀਂ ਹੋਣਾ ਚਾਹੀਦਾ। ਕੁੱਝ ਨੂੰ ਹੀ ਸਮਝਾ ਸਕੀਏ ਤਾਂ ਉਹ ਪ੍ਰਾਪਤੀ ਹੋਵੇਗੀ। ਰਾਜਨੀਤੀ ਨੂੰ ਸਹੀ ਲੋਕ ਹਿਤੈਸ਼ੀ ਮੁੱਦਿਆਂ 'ਤੇ ਲਿਆਉਣਾ ਇਹ ਖੱਬੀ ਧਿਰ ਦਾ ਫ਼ਰਜ਼ ਹੈ। ਖੱਬੀ ਧਿਰ ਦਾ ਇਹ ਫ਼ਖ਼ਰ ਵਾਲਾ ਦਾਅਵਾ ਹੋਣਾ ਚਾਹੀਦਾ ਏ ਕਿ ਉਹਦੇ ਤੇ ਸਿਰਫ਼ ਉਹਦੇ ਕੋਲ ਦੇਸ਼ ਦੇ ਕਰੋੜਾਂ ਲੋਕਾਂ ਲਈ ਮੁਕਤੀ ਦਾ ਰਾਹ ਹੈ, ਪ੍ਰੋਗਰਾਮ ਹੈ।

10-5-1997